# ਇਹ ਸੂਰਜ ਕਦੇ ਅਸਤ ਨਹੀਂ ਹੋਵੇਗਾ

*—ਸਾਹਿਬ ਸਿੰਘ*

ਭਾਅ ਜੀ ਗੁਰਸ਼ਰਨ ਸਿੰਘ ਦੀ ਸਿਹਤ ਅੱਜਕੱਲ੍ਹ ਠੀਕ ਨਹੀਂ ਰਹਿੰਦੀ, ਜ਼ਿਆਦਾ ਸਮਾਂ ਬੈੱਡ 'ਤੇ ਲੰਮਿਆਂ ਪਿਆਂ ਹੀ ਗੁਜ਼ਰਦਾ ਹੈ, ਕੰਨ ਸੁਣਨੋਂ ਆਤੁਰ ਹੋ ਜਾਂਦੇ ਹਨ, ਜੇ ਕਦੀ-ਕਦਾਈਂ ਬੈਠਦੇ ਹਨ ਤਾਂ ਵੀਲ੍ਹ ਚੇਅਰ 'ਤੇ, ਹਰ ਹਫ਼ਤੇ ਹਸਪਤਾਲ ਜਾਣਾ ਪੈਂਦਾ ਹੈ ਡਾਇਲਸਿਜ਼ ਕਰਵਾਉਣ ਲਈ, ਲਿਖ ਨਹੀਂ ਸਕਦੇ ਕਿਉਂਕਿ ਹੱਥ ਕੰਬਦੇ ਹਨ, ਖਾਣ-ਪੀਣ ਦਾ ਡਾਢਾ ਪਰਹੇਜ਼ ਚੱਲ ਰਿਹੈ ਤੇ ਖੁਰਾਕ ਦੀ ਮਾਤਰਾ ਵੀ ਪਹਿਲਾਂ ਵਾਂਗ ਨਹੀਂ...ਅੰਦਾਜ਼ਾ ਲਗਾਉਣਾ ਔਖਾ ਨਹੀਂ ਕਿ ਇਸ ਸਥਿਤੀ 'ਚੋਂ ਲੰਘ ਰਹੇ ਆਪਣੇ ਕਿਸੇ ਬਹੁਤ ਖ਼ਾਸ ਇਨਸਾਨ ਦੀ ਖ਼ਬਰਸਾਰ ਤੋਂ ਬਾਅਦ ਮਨੋਸਥਿਤੀ ਕਿਹੋ ਜਿਹੀ ਹੁੰਦੀ ਹੈ...ਨਿਰਾਸ਼ਾ ਤੇ ਸਹਿਮ ਭਾਰੂ ਹੋ ਜਾਂਦਾ ਹੈ...ਉਪਰਲੀਆਂ ਸਤਰਾਂ ਪੜ੍ਹ ਕੇ ਤੁਹਾਡੇ ਅੰਦਰ ਕੁਝ ਅਜਿਹਾ ਚੱਲ ਰਿਹਾ ਹੋਵੇਗਾ, ਪਰ ਦਿਲ 'ਤੇ ਹੱਥ ਰੱਖ ਕੇ ਜ਼ਰਾ ਏਸ ਦ੍ਰਿਸ਼ ਦਾ ਆਨੰਦ ਮਾਣੋ...।

ਮੈਂ ਭਾਅ ਜੀ ਦੇ ਚੰਡੀਗੜ੍ਹ ਵਿਚਲੇ ਘਰ ਆਪਣੇ ਮਿੱਤਰ ਰਾਮ ਸਵਰਨ ਨਾਲ ਭਾ ਜੀ ਨੂੰ ਮਿਲਣ ਲਈ ਪਹੁੰਚਿਆ ਹਾਂ...ਦਰਵਾਜ਼ੇ ਤੋਂ ਅੰਦਰ ਵੜਦਿਆਂ ਦੀਦੀ ਨਾਲ ਮੁਲਾਕਾਤ ਹੁੰਦੀ ਹੈ, ਉਹ ਮੁਸਕਰਾ ਕੇ ਜੀ ਆਇਆਂ ਨੂੰ ਕਰਦੇ ਹਨ ਤੇ ਇਹ ਕਹਿ ਕੇ ਅੰਦਰ ਜਾਂਦੇ ਹਨ ਕਿ ਬੈਠੋ, ਮੈਂ ਦੇਖਦੀ ਆਂ—ਪਾਪਾ ਜਾਗਦੇ ਐ ਕਿ ਸੁੱਤੇ। ਅਸੀਂ ਚੁੱਪ ਬੈਠੇ ਹਾਂ, ਅੱਧੇ ਮਿੰਟ 'ਚ ਹੀ ਉਹ ਵਾਪਸ ਆਉਂਦੀ ਹੈ। ਭਾ ਜੀ ਜਾਗ ਰਹੇ ਹਨ। ਅਸੀਂ ਭਾਅ ਜੀ ਦੇ ਕਮਰੇ 'ਚ ਪ੍ਰਵੇਸ਼ ਕਰਦੇ ਹਾਂ, ਭਾਅ ਜੀ ਬਿਸਤਰੇ 'ਤੇ ਸਿੱਧੇ ਪਏ ਹਨ। ਹਾਂ, ਸਿਰ ਵਾਲਾ ਪਾਸਾ ਥੋੜ੍ਹਾ ਉਪਰ ਨੂੰ ਉੱਠਿਆ ਹੈ, ਦੋ ਸਰਹਾਣਿਆਂ ਦੀ ਮਦਦ ਨਾਲ। ਸਿਰ 'ਤੇ ਨਿੱਕੀ ਜਹੀ ਪੱਗ ਬੰਨ੍ਹੀ ਹੈ, ਹਲਕੇ ਅਸਮਾਨੀ ਰੰਗ ਦਾ ਕੁੜਤਾ ਤੇ ਚਿੱਟਾ ਪਜਾਮਾ ਪਾਈ ਭਾਅ ਜੀ ਹਮੇਸ਼ਾ ਵਾਂਗ ਤਾਜ਼ਗੀ ਭਰਪੂਰ ਲੱਗ ਰਹੇ ਹਨ, ਫੁਲਵਹਿਰੀ ਵਾਲੇ ਪੈਰਾਂ ਨੂੰ ਛੂੰਹਦਿਆਂ ਮੈਂ ਭਾਅ ਜੀ ਦੇ ਸਿਰ ਕੋਲ ਪਹੁੰਚਦਾ ਹਾਂ। ਭਾਅ ਜੀ ਦਾ ਚਿਹਰਾ ਖਿੜ ਉੱਠਿਆ ਹੈ। ਓਹੀ ਚਿਰ-ਪਰਿਚਿਤ ਸ਼ਬਦ ਭਾਅ ਜੀ ਦੇ ਮੂੰਹੋਂ ਨਿਕਲਦੇ ਹਨ—"ਆਏ ਓ!" ਅਸੀਂ ਦੋਵੇਂ ਹੱਥ ਜੋੜੀ ਖੜ੍ਹੇ ਹਾਂ, ਭਾਅ ਜੀ ਦੀ ਓਹੀ ਭਾਰੀ ਰੋਹਬਦਾਰ ਆਵਾਜ਼ ਫਿਰ ਕਮਰੇ

ਅੰਦਰ ਗੂੰਜਦੀ ਹੈ—"ਕੁਰਸੀਆਂ ਨੇੜੇ ਖਿੱਚ ਲਓ...।" ਅਸੀਂ ਕੁਰਸੀਆਂ ਖਿੱਚਦੇ ਬੈਠਦੇ ਹਾਲੇ ਤਕ ਚੁੱਪ ਹੀ ਹਾਂ ਲਗਪਗ। ਸਿਰਫ਼ ਭਾ ਜੀ ਦੇ ਦੀਦਾਰ ਕਰ ਰਹੇ ਹਾਂ ਕਿ ਭਾਅ ਜੀ ਮੁਸਕਰਾ ਕੇ ਹੁਕਮ ਦਿੰਦੇ ਹਨ—"ਉੱਚੀ ਬੋਲਣਾ ਪਊ...।" ਮੈਂ ਇਹ ਪੁੱਛਣ ਲਈ ਅੰਦਰੋਂ ਤਿਆਰ ਹੋ ਰਿਹਾਂ ਕਿ ਭਾਅ ਜੀ ਹੁਣ ਸਿਹਤ ਕਿਵੇਂ ਹੈ ਪਰ ਇਸ ਤੋਂ ਪਹਿਲਾਂ ਹੀ ਭਾਅ ਜੀ ਸ਼ੁਰੂ ਹੋ ਜਾਂਦੇ ਹਨ—"ਏ...ਹ ਸਾਹਬ! ਤੈਨੂੰ ਪਤਾ ਐ ਅਮਨ ਨੂੰ ਨੈਸ਼ਨਲ ਸਕੂਲ ਆਫ਼ ਡਰਾਮਾ 'ਚ ਐਡਮਿਸ਼ਨ ਮਿਲ ਗਈ ਏ, ਮੈਨੂੰ ਬਹੁਤ ਖ਼ੁਸ਼ੀ ਹੋਈ ਏ...ਉਹ ਬੜੀ ਮਿਹਨਤੀ ਕੁੜੀ ਏ...ਉਹ ਤੇਰਾ ਕਿਹੜਾ ਨਾਟਕ ਸੀ ਜਿਹਦੇ 'ਚ ਤੂੰ ਵੀਲ੍ਹ ਚੇਅਰ 'ਤੇ ਹੁੰਨਾ ਏਂ (ਭਾਅ ਜੀ ਮੇਰਾ ਜਵਾਬ ਨਹੀਂ ਉਡੀਕਦੇ)...ਉਹਦੇ 'ਚ ਬੜਾ ਅੱਛਾ ਕੰਮ ਸੀ...ਤੇਰੀ ਐਕਟਿੰਗ ਵੀ ਕਮਾਲ...ਉਹ ਨਾਟਕ ਤੇਰਾ ਮਾਸਟਰ ਪੀਸ ਏ...ਹੋਰ ਕੀ ਕਰ ਰਿਹਾਂ ਅੱਜਕੱਲ੍ਹ ?" (ਮੈਂ ਬਾਈ ਵੱਲ ਵੇਖਦਾ ਹਾਂ, ਜਿਵੇਂ ਪੁੱਛ ਰਿਹਾ ਹੋਵਾਂ—ਭਾ ਜੀ ਦੀ ਸਿਹਤ ਬਾਰੇ ਪੁੱਛਣ ਦੀ ਕੋਈ ਲੋੜ ਹੈ ?) "ਮੈਂ ਪਲੈਨ ਕੀਤਾ ਏ ਕਿ ਪੰਜਾਬ ਵਿਚ ਵੀਹ ਸੈਂਟਰ ਫਿਕਸ ਕੀਤੇ ਜਾਣਗੇ ਤੇ ਓਥੇ ਨਾਟਕ ਹੋਣ...ਨਾਟਕ (ਭਾਅ ਜੀ ਦਾ ਜੋਸ਼ ਵਧ ਰਿਹਾ ਹੈ)...ਲੋਕਾਂ ਨੂੰ ਸਿਆਣੇ ਬਣਾਉਣਾ ਹੈ...ਏਹ ਲਫ਼ਜ਼ 'ਤੇ ਬਹੁਤ ਜ਼ੋਰ ਦਿਉ...ਸਿਆਣੇ ਬਣਾਉਣਾ ਏ...ਹੁਣ ਉਹ ਨਹੀਂ ਏ ਕਿ ਫਲਾਣੀ ਪਾਰਟੀ ਕੀ ਕਹਿੰਦੀ ਏ, ਸਿਆਸੀ ਫ਼ੈਸਲੇ...ਉਹ ਪਏ ਲੈਣ...ਸਾਡਾ ਕੰਮ ਏ ਲੋਕਾਂ ਨੂੰ ਸਿਆਣੇ ਬਣਾਉਣਾ...ਬੜੀ ਭਾਰੀ ਲੋੜ ਏ ਨਾਟਕ ਦੀ ਏਹ...ਮੈਂ ਗੱਲ ਕੀਤੀ ਏ...।"

ਭਾਅ ਜੀ ਪ੍ਰਬੰਧਕਾਂ ਦੇ ਨਾਂ ਗਿਣਾਉਣ ਲੱਗ ਪਏ ਹਨ। ਰਾਮ ਸਵਰਨ ਦੇ ਜ਼ਿੰਮੇ ਕੁਝ ਪਿੰਡ ਲਗਾ ਦਿੱਤੇ ਹਨ। ਭਾ ਜੀ ਨੂੰ ਚਾਅ ਚੜ੍ਹਿਆ ਹੋਇਆ ਹੈ। ਉਹ ਲਗਾਤਾਰ ਬੋਲ ਰਹੇ ਹਨ—"ਹੁਣ ਮੈਂ ਮਾਣ ਨਾਲ ਕਹਿ ਸਕਨਾਂ ਕਿ ਪੰਜਾਬੀ ਨਾਟਕ ਲੋਗਾਂ ਦੇ ਦਿਲਾਂ 'ਤੇ ਰਾਜ ਕਰਦਾ ਏ...ਬਹੁਤ ਅੱਛੇ ਤੋਂ ਅੱਛੇ ਨਾਟਕ ਹੋ ਰਹੇ ਹਨ...ਕੇਵਲ ਏ ਅੰਬਰਸਰ 'ਚ...ਏਥੇ ਸਾਹਬ ਏ...ਸੈਮੂਅਲ ਏ ਓਧਰ...ਹੋਰ ਵੀ ਕਰ ਰਹੇ ਨੇ...ਇਨ੍ਹਾਂ ਨੂੰ ਰਾਮ ਸਵਰਨ ਲੈ ਕੇ ਜਾਓ ਪਿੰਡਾਂ 'ਚ...।" ਮੈਂ ਭਾਅ ਜੀ ਦੀਆਂ ਅੱਖਾਂ ਵਿਚਲੀ ਅਲੌਕਿਕ ਚਮਕ ਦੇਖੀ ਜਾ ਰਿਹਾ ਹਾਂ, ਨਾਟਕ ਤਾਂ ਸਾਖਿਆਤ ਮੇਰੇ ਸਾਹਮਣੇ ਵਾਪਰ ਰਿਹਾ ਹੈ...ਮਹਾਂਨਾਟਕ। ਮਹਾਂਨਾਇਕ ਦੀ ਅਦਾਕਾਰੀ ਦਾ ਜਲੌਅ, ਭਾਅ ਜੀ ਬੈੱਡ 'ਤੇ ਨਹੀਂ ਪਏ, ਉਹ ਤਾਂ ਸਟੇਜ ਉੱਤੇ ਖੜੇ ਹਨ, ਇਕ ਹੱਥ ਲੱਕ 'ਤੇ ਰੱਖੀ ਤੇ ਦੂਜਾ ਹੱਥ ਹਵਾ 'ਚ ਉਲਾਰ ਕੇ ਲੋਕਾਂ ਨੂੰ ਸੰਬੋਧਨ ਹੋ ਰਹੇ ਹਨ...।

"ਮੇਰੇ ਲੋਗੋ, ਮਤ ਸਮਝੋ ਕਿ ਦਿੱਲੀ ਤੇ ਚੰਡੀਗੜ੍ਹ ਬੈਠੀਆਂ ਸਰਕਾਰਾਂ ਨੂੰ ਇਸ ਗੱਲ ਦਾ ਫ਼ਿਕਰ ਐ ਕਿ ਤੁਸੀਂ ਮਿੱਟੀ-ਘੱਟਿਆਂ 'ਚ ਕਿਉਂ ਰੁਲ ਰਹੇ ਓ...ਤੁਹਾਡੇ ਬੈਠਿਆਂ ਦੇ ਪੈਰ ਨੰਗੇ ਕਿਉਂ ਨੇ...ਤੁਹਾਡੇ ਭੜੋਲੇ ਕਿਉਂ ਖ਼ਾਲੀ ਨੇ...ਮੇਰੇ ਲੋਗੋ ਸਿਆਣੇ ਬਣੋ...ਸਵਾਲ ਕਰੋ ਉਨ੍ਹਾਂ ਲੀਡਰਾਂ ਨੂੰ ਜੋ ਵੋਟਾਂ ਮੰਗਣ ਆਉਂਦੇ ਨੇ...ਮਤ ਪਾਉ ਉਨ੍ਹਾਂ ਦੇ ਗਲਾਂ 'ਚ ਫੁੱਲਾਂ ਦੇ ਹਾਰ...ਲੋੜ ਐ ਉਨ੍ਹਾਂ ਦੇ ਗਲਾਂ 'ਚ ਟੁੱਟੇ ਛਿੱਤਰਾਂ ਦੇ ਹਾਰ

ਪਾਉਣ ਦੀ...ਮੈਂ ਕਹਿ ਸਕਨਾਂ ਕਿ ਜੇ ਹਾਲੇ ਹਿੰਮਤ ਨਹੀਂ ਛਿੱਤਰਾਂ ਦੇ ਹਾਰ ਪਾਉਣ ਦੀ ਤਾਂ ਕਮ ਸੇ ਕਮ ਫੁੱਲਾਂ ਦੇ ਹਾਰ ਤਾਂ ਨਾ ਪਾਓ।" ਭਾਅ ਜੀ ਜਜ਼ਬਾਤ 'ਚ ਗੜੁੱਚ ਹੋਏ ਆਖ਼ਰੀ ਲਾਈਨਾਂ ਇਵੇਂ ਬੋਲਦੇ ਹਨ, ਜਿਵੇਂ ਨਾਟਕ ਦੇ ਕਿਸੇ ਸੀਨ ਦੀਆਂ ਆਖ਼ਰੀ ਲਾਈਨਾਂ ਅਦਾਕਾਰ ਜੋਸ਼ ਤੇ ਅਦਾਇਗੀ ਨਾਲ ਇਸ ਆਸ ਨਾਲ ਬੋਲਦਾ ਹੈ ਕਿ ਦਰਸ਼ਕ ਤਾੜੀ ਮਾਰੇ...ਤੇ ਦਰੀਆਂ, ਬੋਰੀਆਂ, ਪਰਾਲੀ, ਮਿੱਟੀ ਤੇ ਕੰਧਾਂ 'ਤੇ ਬੈਠੇ 'ਭਾਅ ਜੀ ਦੇ ਲੋਗ' ਤਾੜੀਆਂ ਦਾ ਮੀਂਹ ਵਰਸਾ ਦਿੰਦੇ ਹਨ। ਭਾਅ ਜੀ ਦਾ ਲੈਕਚਰ ਹੋਰ ਭਖ ਜਾਂਦਾ ਹੈ, ਤਾੜੀਆਂ ਵਾਰ-ਵਾਰ ਗੂੰਜ ਰਹੀਆਂ ਹਨ। ਅਸੀਂ ਪਰਦੇ ਦੇ ਪਿੱਛੇ ਬਣੇ 'ਗਰੀਨ ਰੂਮ' 'ਚ ਨਾਟਕ ਲਈ ਤਿਆਰ ਹੋ ਰਹੇ ਆਂ। ਭਾਅ ਜੀ ਆਵਾਜ਼ ਗੂੰਜ ਰਹੀ ਹੈ। ਕਾਲਜਾਂ, ਯੂਨੀਵਰਸਿਟੀਆਂ 'ਚ ਬੈਠੇ ਸਿਆਣੇ ਆਲੋਚਕ ਭਾ ਜੀ ਦੇ ਰੰਗਮੰਚ ਦੀ ਪੜਚੋਲ ਕਰਦਿਆਂ ਇਹ ਐਲਾਨ ਕਰਦੇ ਹਨ ਕਿ ਭਾਅ ਜੀ ਦੇ ਨਾਟਕ ਵਿਚ ਲੈਕਚਰ ਹੁੰਦਾ ਏ ਤੇ ਲੈਕਚਰ ਵਿਚ ਨਾਟਕ। ਪਰ ਇਹ ਅਧੂਰਾ ਸੱਚ ਏ। ਤੁਸੀਂ ਪਰੰਪਰਕ ਚੌਖਟਿਆਂ ਵਿਚ ਰੱਖ ਕੇ ਇਸ ਮਹਾਂਨਾਇਕ ਦੇ ਕੰਮ ਦਾ ਵਿਸ਼ਲੇਸ਼ਣ ਕਰੋਗੇ ਤਾਂ ਸੁਭਾਵਿਕ ਹੈ ਇਹੀ ਕੁਝ ਹੋਏਗਾ, ਪਰ ਜੇ ਭਾਅ ਜੀ ਦੇ ਰੰਗਮੰਚ ਸੰਸਾਰ ਦਾ ਮੁਕੰਮਲ ਸੱਚ ਜਾਣ ਲਵੋ ਤਾਂ ਇਹ ਲੈਕਚਰ ਤੁਹਾਨੂੰ ਭਾਅ ਜੀ ਦੇ ਰੰਗਮੰਚ ਦੀ ਇਕ ਅਨੋਖੀ ਤਕਨੀਕ ਜਾਪਣ ਲੱਗੇਗੀ। ਅਸੀਂ ਬਾਹਰਲੇ ਨਾਟਕਕਾਰਾਂ, ਨਿਰਦੇਸ਼ਕਾਂ ਦੀਆਂ ਨਾਟਕੀ ਜੁਗਤਾਂ ਪੜ੍ਹਦੇ ਹਾਂ, ਤਾਰੀਫ਼ਾਂ ਵੀ ਕਰਦੇ ਹਾਂ, ਨਕਲ ਵੀ ਕਰਦੇ ਹਾਂ ਪਰ ਘਰ ਦਾ ਜੋਗੀ ਦੇਖਣ ਲੱਗਿਆਂ ਅਸੀਂ ਸਿਆਣੇ (ਸਿਆਣੇ ਨਹੀਂ) ਬਣ ਜਾਂਦੇ ਹਾਂ। ਭਾਅ ਜੀ ਦਾ ਨਾਟਕ ਤਾਂ ਉਦੋਂ ਈ ਸ਼ੁਰੂ ਹੋ ਜਾਂਦਾ ਹੈ, ਜਦੋਂ ਉਹ ਕਿਸੇ ਪਿੰਡ ਪਹੁੰਚਦੇ ਹਨ।

ਗੱਡੀ ਪਿੰਡ ਦੇ ਇਕ ਕੱਚੇ ਘਰ ਦੇ ਵਿਹੜੇ ਅੰਦਰ ਰੁਕਦੀ ਹੈ, ਭਾਅ ਜੀ ਬਾਹਰ ਨਿਕਲ ਮੰਜੇ ਜਾਂ ਕੁਰਸੀ 'ਤੇ ਬੈਠਦਿਆਂ ਸਾਰ ਆਲੇ-ਦੁਆਲੇ ਨਾਲ ਤਾਲਮੇਲ ਕਾਇਮ ਕਰ ਲੈਂਦੇ ਹਨ। 'ਭਾਈ ਮੰਨਾ ਸਿੰਘ' ਟੀ.ਵੀ. ਸੀਰੀਅਲ ਤੋਂ ਬਾਅਦ ਇਕ ਸਟਾਰ ਵਾਲੀ ਖਿੱਚ ਰੱਖਣ ਵਾਲੇ ਭਾਅ ਜੀ ਨੇ ਅੱਜ ਤਕ ਕਦੀ ਅੱਧਾ ਨਖ਼ਰਾ ਵੀ ਨਹੀਂ ਦਿਖਾਇਆ। ਸ਼ੂਗਰ ਦੇ ਮਰੀਜ਼ ਹੋਣ ਦੇ ਬਾਵਜੂਦ ਜੇ ਫਿੱਕੀ ਚਾਹ ਮਿਲੀ ਤਾਂ ਠੀਕ, ਨਹੀਂ ਤਾਂ ਘਰ ਦੀ ਸੁਆਣੀ ਨੂੰ ਚੱਕਰਾਂ 'ਚ ਨਹੀਂ ਪਾਉਣਾ। ਉਹ ਪਿੰਡ ਦੇ ਹਾਲਾਤ ਜਾਨਣੇ ਸ਼ੁਰੂ ਕਰਨਗੇ, ਖੇਤੀਬਾੜੀ ਦੀ ਜਾਣਕਾਰੀ ਲੈਣਗੇ, ਫਿਰ ਛੇਤੀ ਹੀ ਰਾਜਨੀਤਕ, ਸਮਾਜਿਕ ਸਰਗਰਮੀਆਂ ਬਾਰੇ ਤਬਸਰੇ ਕਰਨੇ ਤੇ ਸੁਣਨੇ ਸ਼ੁਰੂ ਕਰਨਗੇ। ਕੋਈ ਕਿਸੇ ਦੂਸਰੀ ਪਾਰਟੀ ਦੀ ਆਲੋਚਨਾ ਕਰੇ ਤਾਂ ਭਾਅ ਜੀ ਨਾ ਵਿਰੋਧ ਕਰਨਗੇ ਨਾ ਹੀ ਉਸ ਬੰਦੇ ਨੂੰ ਹੱਲਾਸ਼ੇਰੀ ਦੇਣਗੇ, ਉਹ ਇਕ ਕਾਮਯਾਬ ਜਾਦੂਗਾਰ ਦੀ ਤਰ੍ਹਾਂ ਆਪਣੇ ਜਾਦੂ ਬਿਖੇਰਨ ਤੋਂ ਪਹਿਲਾਂ ਸਭ ਊਚ-ਨੀਚ ਭਾਂਪ ਜਾਂਦੇ ਹਨ। ਪਿੰਡ 'ਚ ਧੜੇਬੰਦੀ ਦੀ ਕੀ ਸਥਿਤੀ ਹੈ, ਕਿਹੜਾ ਧੜਾ ਕਿੰਨਾ ਕੁ ਤਾਕਤਵਰ ਹੈ, ਕਿਹੜਾ ਕਿੰਨਾ ਕੁ ਸਰਗਰਮ...ਉਹ ਆਉਣ ਵਾਲੇ ਦੋ-ਤਿੰਨ ਸਾਲ ਲਈ ਹੋਰ ਸਥਾਨਾਂ 'ਤੇ

ਵਿਚਰਦਿਆਂ ਉਸ ਪਿੰਡ ਨੂੰ ਆਧਾਰ ਬਣਾ ਕੇ ਸਭ ਨੂੰ ਸਮਝਾਉਂਦੇ ਰਹਿਣਗੇ। ਗੱਲਬਾਤ ਦੌਰਾਨ ਹੀ ਆਪਣੇ ਕਿਸੇ ਕਲਾਕਾਰ ਨੂੰ ਸਟੇਜ, ਸਾਊਂਡ ਆਦਿ ਚੈੱਕ ਕਰਨ ਲਈ ਕਹਿਣਗੇ, ਪਰ ਬਹੁਤਾ ਧਿਆਨ ਉਨ੍ਹਾਂ ਲੋਕਾਂ ਦੀ ਜੀਵਨ-ਸ਼ੈਲੀ, ਮੁਸ਼ਕਿਲਾਂ, ਸੰਘਰਸ਼ ਆਦਿ ਦੀ ਥਾਹ ਪਾਉਣ ਤੇ ਖਰਚ ਕਰਨਗੇ। ਇਸ ਸਭ ਤੋਂ ਬਾਅਦ ਜਦੋਂ ਉਹ ਸਟੇਜ ਵੱਲ ਵਧਣਗੇ ਤਾਂ ਇਵੇਂ ਜਿਵੇਂ ਇਕ ਸੈਨਾਪਤੀ ਮੁਕੰਮਲ ਤਿਆਰੀ ਤੋਂ ਬਾਅਦ ਸਵੈ-ਵਿਸ਼ਵਾਸ ਨਾਲ ਭਰਿਆ ਤੇ ਆਪਣੀ ਰਣਨੀਤੀ ਪ੍ਰਤੀ ਆਸਵੰਦ ਮੋਰਚੇ ਵੱਲ ਵਧ ਰਿਹਾ ਹੋਵੇ। ਜਿਵੇਂ ਹੀ ਮਾਈਕ ਭਾਅ ਜੀ ਦੇ ਹੱਥ ਆਏਗਾ, ਭਾਅ ਜੀ ਇਧਰਲੀ-ਉਧਰਲੀ ਨਹੀਂ ਮਾਰਨਗੇ, ਬਲਕਿ ਸਿੱਧਾ 'ਆਪਣੇ ਲੋਗਾਂ' ਨਾਲ ਰਾਬਤਾ ਕਾਇਮ ਕਰ ਲੈਣਗੇ। 'ਕੰਮੀਆਂ ਦੇ ਵਿਹੜਿਆਂ' 'ਚ ਰਹਿੰਦੇ 'ਗ਼ਰੀਬ ਲੋਕ' ਉਸ ਦੀ 'ਵੰਗਾਰ' ਸੁਣ 'ਮਿੱਟੀ ਦਾ ਮੁੱਲ' ਸਮਝਣ ਲੱਗਣਗੇ...'ਨਵੇਂ ਜਨਮ' ਦੀ ਆਸ ਨਾਲ ਭਰੇ 'ਸਾਧਾਰਨ ਲੋਕ' ਜੋਸ਼ ਨਾਲ ਕੰਬਦੇ ਇਕ ਦੂਜੇ ਨੂੰ ਕੂਹਣੀ ਮਾਰ ਕਹਿਣਗੇ 'ਬਈ ਤਮਾਸ਼ਾ-ਏ-ਹਿੰਦੁਸਤਾਨ' ਸਮਝਾਉਂਦਾ ਬਾਬਾ ਬੋਲਦਾ ਤਾਂ ਸੱਚੋ-ਸੱਚ ਐ।"

ਆਲੋਚਕਾਂ ਨੂੰ ਬੇਨਤੀ ਹੈ ਕਿ ਭਾਅ ਜੀ ਦੀ ਤਕਰੀਰ ਨੂੰ ਨਾਟਕ ਦਾ ਅੰਗ ਮੰਨ ਕੇ ਚੱਲਣ 'ਤੇ ਇਸ ਨੂੰ ਸ. ਗੁਰਸ਼ਰਨ ਸਿੰਘ ਨਾਟਕਕਾਰ ਦੀ ਇਕ ਰੰਗਮੰਚੀ ਜੁਗਤ ਸਮਝਣ...ਜਿਵੇਂ ਨਾਟਕ ਵਿਚ ਇਕ ਸੂਤਰਧਾਰ ਹੁੰਦਾ ਐ, ਢਾਡੀਆਂ ਦੇ ਜਥੇ ਅੰਦਰ ਇਕ ਵਿਆਖਿਆਕਾਰ ਹੁੰਦਾ ਐ, ਕੀਰਤਨੀ ਜਥੇ ਅੰਦਰ ਕਥਾਕਾਰ ਹੁੰਦਾ ਐ, ਓਵੇਂ ਹੀ ਇਸ ਮਹਾਨਾਇਕ ਦਾ ਭਾਸ਼ਣ ਉਸ ਦੇ ਨਾਟਕ ਦਾ ਆਦਿ ਵੀ ਹੁੰਦਾ ਐ ਤੇ ਅੰਤ ਵੀ...।

ਮੈਂ ਤੇ ਰਾਮ ਸਵਰਨ ਭਾਅ ਜੀ ਦੀਆਂ ਬੇਜੋੜ ਗੱਲਾਂ ਦੇ ਰਸ ਨਾਲ ਗੜੁੱਚ ਹੋਈ ਬੈਠੇ ਆਂ...ਭਾਬੀ ਕੈਲਾਸ਼ ਕੌਰ ਵੀ ਨੇੜੇ ਆ ਕੇ ਬੈਠ ਗਏ ਹਨ...ਭਾਅ ਜੀ ਜੁਗਿੰਦਰ ਬਾਹਰਲਾ ਦੀਆਂ ਗੱਲਾਂ ਕਰ ਰਹੇ ਹਨ, ਉਸ ਦੀ ਅਦਾਕਾਰੀ ਦੇ ਉੱਚ ਮਿਆਰ ਦੀਆਂ ਗੱਲਾਂ ਕਰਦਿਆਂ ਭਾਵੁਕ ਹੋ ਜਾਂਦੇ ਹਨ। ਉਸ ਦੀ ਭਟਕਣ, ਪਾਰਟੀਆਂ ਦੀ ਉਦਾਸੀਨਤਾ ਬਾਰੇ ਨਿੱਕੇ-ਨਿੱਕੇ ਫ਼ਿਕਰੇ ਬੋਲ ਕੇ ਅੱਗੇ ਲੰਘੀ ਜਾਂਦੇ ਹਨ...ਬਾਹਰਲੇ ਦੇ ਉਪੇਰਿਆਂ ਦੇ ਡਾਇਲਾਗ ਭਾ ਜੀ ਯਾਦ ਕਰ-ਕਰ ਕੇ ਸੁਣਾ ਰਹੇ ਹਨ। ਉਸ ਦੀ ਸਕਿੱਟ 'ਨਿਕਲ ਕੱਦੂ' ਦੇ ਸੰਵਾਦਾਂ ਅਦਾਇਗੀ ਨਾਲ ਤੇ ਹੱਥਾਂ ਦੀਆਂ ਮੁਦਰਾਵਾਂ ਬਣਾ-ਬਣਾ ਸੁਣਾ ਰਹੇ ਹਨ, ਨਾਲ ਖੁੱਲ੍ਹਾ ਹਾਸਾ ਹੱਸ ਰਹੇ ਹਨ...ਫਿਰ ਸੁਰਿੰਦਰ ਕੌਰ, ਬਲਦੇਵ ਮੋਹਲਾ, ਜਗਦੀਸ਼ ਫਰਿਆਦੀ ਦੀ ਕਲਾਕਾਰੀ ਨੂੰ ਚੇਤੇ ਕਰਦਿਆਂ ਤੇਰਾ ਸਿੰਘ ਚੰਨ ਦੇ ਓਪੇਰੇ 'ਅਮਰ-ਪੰਜਾਬ' ਦੀ ਚਰਚਾ ਛੇੜ ਲੈਂਦੇ ਹਨ। "ਇਹ ਓਪੇਰਾ ਉੱਚ ਪੱਧਰ ਦੀ ਕਿਰਤ ਐ...ਮੇਰੀ ਬੜੀ ਤਮੰਨਾ ਐ ਕਿ ਇਹਨੂੰ ਕੋਈ ਸਟੇਜ ਕਰੇ... ਸਾਹਿਬ ਤੂੰ ਕਹਿੰਦਾ ਸੀ, ਫੇਰ ਕੀ ਬਣਿਆ...।" ਫੇਰ ਬਿਨਾਂ ਜਵਾਬ ਉਡੀਕਿਆਂ ਕਮਿਊਨਿਸਟ ਪਾਰਟੀ ਨੂੰ ਧਰ ਲੈਂਦੇ ਹਨ ਕਿ ਐਨੇ ਵੱਡੇ ਕਲਾਕਾਰ ਲਈ ਇੰਨਾ ਕੁਝ

ਵੀ ਨਹੀਂ ਕਰ ਪਾਈ...ਭਾ ਜੀ ਦੇ ਫ਼ਿਕਰਾਂ ਦੀ ਫਹਿਰਿਸਤ ਬਹੁਤ ਲੰਬੀ ਹੈ...ਉਮਰ ਦੀਆਂ ਤਰਕਾਲਾਂ ਵੇਲੇ ਬਿਮਾਰ ਪਿਆ ਬੰਦਾ ਆਮ ਤੌਰ 'ਤੇ ਸਾਰੇ ਫ਼ਿਕਰਾਂ, ਜ਼ਿੰਮੇਵਾਰੀਆਂ ਤੋਂ ਉਪਰਾਮ ਹੋ ਜਾਂਦਾ ਹੈ...ਪਰ ਭਾਅ ਜੀ ਗੁਰਸ਼ਰਨ ਸਿੰਘ ਨੇ ਕੁੱਲ ਲੋਕਾਈ ਦੇ ਫ਼ਿਕਰਾਂ ਦੀ ਪੱਗ ਆਪਣੇ ਸਿਰ 'ਤੇ ਬੰਨ੍ਹੀ ਹੋਈ ਹੈ...ਮੇਰਾ ਧਿਆਨ ਭਾ ਜੀ ਦੀ ਪੱਗ ਵੱਲ ਜਾਂਦਾ ਹੈ...ਆਖ਼ਿਰੀ ਲੜ ਖੁੱਲ੍ਹ ਕੇ ਮੱਥੇ 'ਤੇ ਢਿਲਕ ਗਿਆ ਹੈ, ਅੱਖਾਂ ਦੇ ਭਰਵੱਟੇ 'ਤੇ ਥੋੜ੍ਹਾ ਉੱਪਰ ਅਟਕ ਗਿਆ ਹੈ। ਮੈਨੂੰ ਇਸ ਲੜ ਦਾ ਫ਼ਿਕਰ ਹੋ ਗਿਆ ਹੈ, ਕਿਤੇ ਭਾਅ ਜੀ ਦੀ ਅੱਖ ਉੱਪਰ ਨਾ ਆ ਜਾਵੇ ਪਰ ਭਾਅ ਜੀ ਇਸ ਤੋਂ ਬੇਖ਼ਬਰ ਬੋਲ ਰਹੇ ਹਨ।

"ਕਿੰਨੀ ਵਾਰ ਸਮਝਾਇਆ ਕਿ ਸ਼ੀਸ਼ੇ ਵਿਚ ਦੇਖ ਕੇ ਪੱਗ ਨਾ ਬੰਨ੍ਹਿਆ ਕਰੋ...ਬੰਨ੍ਹਦੇ ਓ, ਫਿਰ ਢਾਹੁੰਦੇ ਓ...ਫਿਰ ਬੰਨ੍ਹਦੇ ਓ...।" ਭਾਅ ਜੀ ਗੁਰਦਾਸਪੁਰ ਜ਼ਿਲ੍ਹੇ ਦੇ ਕਸਬੇ ਕਲਾਨੌਰ ਦੇ ਲਾਗੇ ਇਕ ਮਿੱਟੀ ਰੰਗੇ ਪਿੰਡ ਵਿਚ ਗੱਡੇ ਦੀ ਬਣੀ ਨਿੱਕੀ ਜਿਹੀ ਸਟੇਜ ਦੇ ਪਿੱਛੇ ਬਣੇ ਇਕ ਮੰਜੇ ਕੁ ਜਿੱਡੇ ਗਰੀਨ ਰੂਮ ਵਿਚ ਇਕ ਕਲਾਕਾਰ ਨੂੰ ਡਾਂਟ ਰਹੇ ਹਨ...ਗੁੱਸੇ ਵਿਚ ਉੱਚੀ-ਉੱਚੀ ਬੋਲ ਰਹੇ ਹਨ...ਆਵਾਜ਼ ਦਰਸ਼ਕਾਂ ਤਕ ਵੀ ਜਾ ਰਹੀ ਹੈ, ਪ੍ਰਬੰਧਕ ਇਕ ਅੱਧੀ ਵਾਰ ਅੰਦਰ ਆਏ ਪਰ ਭਾਅ ਜੀ ਨੂੰ 'ਚੰਡੀ ਸਿੰਘ' ਬਣਿਆ ਦੇਖ ਪਿਛਾਂਹ ਨੂੰ ਖਿਸਕ ਗਏ ਹਨ...ਗੁੱਸੇ ਵਿਚ ਭਾਅ ਜੀ ਨੇ ਆਪਣੀ ਪੱਗ ਖੋਲ੍ਹ ਲਈ ਹੈ, ਫਿਰ ਫਟਾਫਟ ਉਸ ਨੂੰ ਆਪਣੀ ਪੱਗ ਬੰਨ੍ਹ ਕੇ ਦੱਸ ਰਹੇ ਹਨ, ਸਕਿੰਟਾਂ 'ਚ ਹੀ ਲੜ ਘੁਮਾਉਣ ਤੋਂ ਬਾਅਦ ਮੱਥੇ 'ਤੇ ਅੰਗੂਠਾ ਪੁੱਠਾ ਰੱਖ ਕੇ ਪੱਗ ਦੀ ਨੋਕ ਸਿੱਧੀ ਕਰਦੇ ਹਨ—"ਇੰਝ ਬੰਨ੍ਹੀਦੀ ਏ ਪੱਗ...ਏਹ ਸ਼ੀਸ਼ਾ ਗੁਰਸ਼ਰਨ ਸਿੰਘ ਦੇ ਨਾਟਕਾਂ 'ਚ ਨਹੀਂ ਚੱਲਣਾ..." ਸ਼ੀਸ਼ਾ ਚੁੱਕ ਤੋੜ ਦਿੰਦੇ ਹਨ। ਕਲਾਕਾਰ ਸਿਰ ਨੰਗਾ ਕਰੀ, ਜੂੜੀ ਖਿਲਾਰੀ ਭੁੰਜੇ ਬੈਠਾ ਹੈ ਤੇ ਭਾਅ ਜੀ ਉਹਦੇ ਸਿਰ 'ਤੇ ਖੜ੍ਹੇ ਕਹਿ ਰਹੇ ਹਨ—"ਹੁਣ ਬੰਨ੍ਹ ਇੰਝ..." ਉਹ ਕੰਬਦੇ ਹੱਥਾਂ ਨਾਲ ਪੱਗ ਆਪਣੇ ਸਿਰ 'ਤੇ ਵਲ੍ਹੇਟ ਰਿਹਾ ਹੈ, ਕਿਵੇਂ ਨਾ ਕਿਵੇਂ ਸਿਰ ਢੱਕ ਲਿਆ ਹੈ। ਭਾਅ ਜੀ ਅੰਗੂਠਾ ਮਾਰਨ ਲਈ ਕਹਿ ਰਹੇ ਹਨ। ਉਹ ਵਿਚਾਰਾ ਡਰਿਆ ਹੋਇਆ ਅੰਗੂਠਾ ਜ਼ਿਆਦਾ ਉੱਪਰ ਲੈ ਜਾਂਦਾ ਹੈ, ਪੱਗ ਬੇਢੱਬੀ ਹੋ ਜਾਂਦੀ ਹੈ। ਪਰ ਭਾਅ ਜੀ ਕਹਿੰਦੇ ਨੇ ਕਿ ਠੀਕ ਐ ਹੁਣ...ਤੇ ਨਾਟਕ ਸ਼ੁਰੂ ਕਰਨ ਲਈ ਸਟੇਜ 'ਤੇ ਚੜ੍ਹ ਜਾਂਦੇ ਹਨ। ਅਸੀਂ ਉਸ ਦੀ ਪੱਗ ਵੱਲ ਦੇਖ ਹੱਸ ਰਹੇ ਹਾਂ, ਉਹ ਨਾ ਹੱਸ ਰਿਹੈ ਤੇ ਨਾ ਰੋ ਰਿਹੈ...ਤੇ ਭਾਅ ਜੀ ਗੁਰਸ਼ਰਨ ਸਿੰਘ ਸਟੇਜ ਤੋਂ ਸੰਗਰਾਮ ਦਾ ਹਓਕਾ ਦੇ ਰਹੇ ਹਨ।

ਆਲੋਚਕ ਜੀ! ਇਹ ਬਾਤ ਸਿਰਫ਼ ਹੱਸਣ ਵਾਲੀ ਨਹੀਂ, ਨਾ ਹੀ ਭਾਅ ਜੀ ਹਿਟਲਰੀ ਵਰਤਾਰੇ ਦੀ ਝਲਕ...ਬਲਕਿ ਲੋਕਪੱਖੀ ਨਾਟਕਾਂ ਦੇ ਮਹਾਂ-ਪ੍ਰਬੰਧਕ ਸ. ਗੁਰਸ਼ਰਨ ਸਿੰਘ ਦੀ ਵਿਉਂਤਬੰਦੀ 'ਚ ਸ਼ਾਮਿਲ ਅਨੇਕਾਂ ਛੋਟੀਆਂ-ਛੋਟੀਆਂ ਘੁਣਤਰਾਂ ਦਾ ਇਕ ਝਲਕਾਰਾ ਮਾਤਰ ਹੈ। ਉਨ੍ਹਾਂ ਇਕੋ ਦਿਨ ਵਿਚ ਕਈ ਪਿੰਡਾਂ ਦੇ ਦਰਸ਼ਕਾਂ ਤਕ ਨਾਟਕ ਲੈ ਕੇ ਜਾਣਾ ਹੁੰਦਾ ਹੈ, ਇਸ ਲਈ ਸੰਖੇਪ ਸਮੱਗਰੀ, ਸੰਖੇਪ ਮੇਕਅੱਪ,

ਸੰਖੇਪ ਪਹਿਰਾਵਾ ਦੇ ਵਕਤ ਦੀ ਪਹਿਰੇਦਾਰੀ ਇਸ ਮਿਸ਼ਨ ਦਾ ਅਟੁੱਟ ਅੰਗ ਬਣ ਜਾਂਦੇ ਹਨ। ਉਨ੍ਹਾਂ ਨੂੰ ਮਨਜ਼ੂਰ ਨਹੀਂ ਕਿ ਇਕ ਕਲਾਕਾਰ ਪੱਗ ਬੰਨ੍ਹਣ ਤੇ ਹੀ ਬਹੁਤ ਸਾਰਾ ਸਮਾਂ ਜਾਇਆ ਕਰ ਦੇਵੇ। ਇਕ ਵਾਰ ਸੰਗਰੂਰ ਲਾਗੇ ਇਕ ਪਿੰਡ 'ਚ ਸ਼ੋਅ ਕਰ ਰਹੇ ਸੀ, ਆਖ਼ਰੀ ਨਾਟਕ ਚੱਲ ਰਿਹਾ ਸੀ। ਮੈਂ ਬੁੱਢਿਆਂ ਵਾਲਾ ਮੁੱਛਾਂ ਦਾੜ੍ਹੀ ਵਾਲਾ ਮੇਕਅਪ ਕਰਕੇ ਚੌਕੀਦਾਰ ਦੀ ਭੂਮਿਕਾ ਕਰ ਰਿਹਾ ਸੀ। ਏਸੇ 'ਚ ਹੀ ਲਾਗਲੇ ਪਿੰਡ ਦੇ ਕੁਝ ਸੱਜਣਾਂ ਨੇ ਪਰਦੇ ਪਿੱਛੇ ਬੈਠੇ ਭਾਅ ਜੀ ਨੂੰ ਤੁਰਤ-ਫੁਰਤ ਉਨ੍ਹਾਂ ਦੇ ਪਿੰਡ 'ਚ ਵੀ ਪ੍ਰੋਗਰਾਮ ਕਰਨ ਲਈ ਮਨਾ ਲਿਆ। ਮੈਂ ਆਪਣਾ ਸੀਨ ਕਰਕੇ ਸਟੇਜ ਤੋਂ ਉਤਰ ਰਿਹਾ ਸੀ ਤੇ ਭਾਅ ਜੀ ਦੀ ਐਂਟਰੀ ਸੀ। ਸਟੇਜ ਦੇ ਕੋਨੇ ਵਿਚ ਹੀ ਮੈਨੂੰ ਫੜ ਕੇ ਕਹਿੰਦੇ—"ਆਹ ਦਾੜ੍ਹੀ ਨਾ ਉਤਾਰੀਂ...ਅਗਲੇ ਪਿੰਡ ਆਪਾਂ ਪਹਿਲਾਂ ਨਾਟਕ ਇਹ ਕਰਾਂਗੇ 'ਬੇਗ਼ਮੋ ਦੀ ਧੀ'...ਫਿਰ ਦੂਜਾ ਨਾਟਕ।" ਅਸ਼ਕੇ ਜਾਈਏ ਇਸ ਵਿਉਂਤਕਾਰ ਦੇ...ਜਿਸ ਨਾਟਕ ਨੂੰ ਉਹ ਪ੍ਰੋਗਰਾਮ ਦਾ ਸਿਖ਼ਰ ਐਲਾਨਦੇ, ਹਮੇਸ਼ਾ ਅਖ਼ੀਰ 'ਚ ਕਰਦੇ ਸੀ। ਸਮੇਂ ਦੀ ਲੋੜ ਅਨੁਸਾਰ ਪਹਿਲਾਂ ਕਰਨ ਲਈ ਤਿਆਰ, ਮੈਂ ਪ੍ਰੋਗ਼ਰਾਮ ਤੋਂ ਬਾਅਦ ਰੋਟੀ ਵੀ ਨਾ ਖਾ ਸਕਿਆ, ਨਕਲੀ ਮੁੱਛਾਂ ਦਾੜ੍ਹੀ ਕਾਰਨ...ਤੇ ਅਗਲੇ ਪਿੰਡ ਤਕ ਗਰਮੀ ਦੇ ਬਾਵਜੂਦ ਗੱਡੀ ਦਾ ਸ਼ੀਸ਼ਾ ਬੰਦ ਕਰਕੇ ਬੈਠਾ ਰਿਹਾ, ਨਕਲੀ ਦਾੜ੍ਹੀ ਦੀ ਚੌਂਕੀਦਾਰੀ ਕਰਦਾ ਬੁੱਢਾ ਚੌਂਕੀਦਾਰ।

ਭਾਅ ਜੀ ਦੀ ਪੱਗ ਦਾ ਲੜ ਹੋਰ ਹੇਠਾਂ ਖਿਸਕ ਗਿਆ ਹੈ। ਭਾਅ ਜੀ ਦੀ ਅੱਖ 'ਤੇ ਵੱਜ ਰਿਹਾ ਹੈ...ਮੇਰਾ ਜੀ ਕਰ ਰਿਹੈ ਹੈ ਲੜ ਠੀਕ ਕਰਕੇ ਪੱਗ ਵਿਚ ਟੰਗਣ ਲਈ, ਪਰ ਮੇਰੇ ਹੱਥ ਆਪਣੀ ਜਗ੍ਹਾ ਤੋਂ ਹਿੱਲ ਨਹੀਂ ਰਹੇ...ਮਹਾਂ ਫ਼ਕੀਰ ਦੇ ਉਪਦੇਸ਼ ਦਾ ਪ੍ਰਵਾਹ ਜੋ ਨਿਰਵਿਘਨ ਚੱਲ ਰਿਹਾ ਹੈ, ਮੈਂ ਉਸ ਨੂੰ ਭੰਗ ਨਹੀਂ ਕਰਨਾ ਚਾਹੁੰਦਾ...ਭਾਅ ਜੀ ਵੀ ਇਸ ਬਾਰੇ ਕੋਈ ਪ੍ਰਤੀਕਰਮ ਨਹੀਂ ਦੇ ਰਹੇ, ਗੱਲਾਂ ਕਰੀ ਜਾ ਰਹੇ ਹਨ...ਇਹ ਸੁਣ ਕੇ ਕਿ ਮੈਂ ਗੁਰੂ ਰਬਿੰਦਰਨਾਥ ਟੈਗੋਰ ਦੀਆਂ ਕਹਾਣੀਆਂ 'ਤੇ ਆਧਾਰਿਤ ਨਾਟਕ 'ਬਾਤ ਸੂਹੇ ਫੁੱਲਾਂ ਦੀ' ਟੈਗੋਰ ਥੀਏਟਰ ਵਿਚ ਕਰ ਰਿਹਾ ਹਾਂ, ਬਹੁਤ ਉਤਸ਼ਾਹਿਤ ਹੋ ਗਏ ਹਨ, ਪੁੱਛ ਰਹੇ ਹਨ—"ਥੀਏਟਰ ਵਾਲਿਆਂ ਵੀਲ੍ਹ ਚੇਅਰ ਦੀ ਐਂਟਰੀ ਲਈ ਪ੍ਰਬੰਧ ਕੀਤਾ ਹੋਇਆ ਹੈ ਕਿ ਨਹੀਂ, ਮੈਂ ਦੇਖਣਾ ਚਾਹੁੰਨਾ ਗੁਲਜ਼ਾਰ ਸੰਧੂ ਦੀਆਂ ਕਹਾਣੀਆਂ ਵਾਲਾ ਤੇਰਾ 'ਅਮਰ ਕਥਾ' ਦੇਖ ਕੇ ਮੈਂ ਬਹੁਤ ਖ਼ੁਸ਼ ਆਂ...ਕਿਹੜੀ ਤਾਰੀਖ਼ ਨੂੰ ਹੋਣਾ ਏਂ...।"

23 ਮਾਰਚ 1993! ਭਗਤ ਸਿੰਘ ਦਾ ਸ਼ਹੀਦੀ ਦਿਹਾੜਾ। ਭਾਅ ਜੀ ਦੀ ਨਾਟਕ ਟੀਮ ਆਪਣੇ ਇਨਕਲਾਬੀ ਨਾਟਕਾਂ ਰਾਹੀਂ ਸ਼ਰਧਾਂਜਲੀ ਭੇਟ ਕਰਨ ਲਈ ਜਾ ਰਹੀ ਹੈ, ਪਰ ਕਾਹਮਾ ਪਹੁੰਚਦਿਆਂ ਹੀ ਸਰਕਾਰੀ ਮਸ਼ੀਨਰੀ ਨੇ ਰੋਕ ਦਿੱਤਾ ਹੈ, ਕੇਂਦਰ ਤੋਂ ਵੱਡੇ ਮੰਤਰੀਆਂ ਨੇ ਪਹੁੰਚਣਾ ਹੈ, ਉਨ੍ਹਾਂ ਦੀ ਸੁਰੱਖਿਆ ਨੂੰ ਖ਼ਤਰਾ ਹੈ...ਭਾਅ ਜੀ ਤਲਖ਼ੀ ਵਿਚ ਹਨ, ਪ੍ਰਬੰਧਕਾਂ ਦੀਆਂ ਤਲੀਆਂ 'ਤੇ ਅੱਗ ਮੱਚ ਰਹੀ ਹੈ...ਉਹ ਤੱਤਾ ਭਖਵਾਂ ਮਾਹੌਲ ਯਾਦ ਕਰ ਅੱਜ ਵੀ ਮਨ ਨਸ਼ਿਆ ਉੱਠਦਾ ਹੈ...ਮਿਥਿਆ

ਪ੍ਰੋਗਰਾਮ ਨਹੀਂ ਹੋਇਆ, ਪਰ ਭਾ ਜੀ ਦੀ ਨਾਟਕੀ ਫੁੱਲਵਾੜੀ ਅੰਦਰ ਇਕ ਨਵੇਂ ਨਾਟਕ ਦਾ ਬੀਜ ਧਰਿਆ ਜਾ ਚੁੱਕਾ ਹੈ...ਭਾਅ ਜੀ ਪ੍ਰੋਗਰਾਮ 'ਤੇ ਜਾਂਦੇ, ਉੱਠਦੇ ਬਹਿੰਦੇ, ਸਫ਼ਰ ਕਰਦੇ ਵਾਰ-ਵਾਰ ਕਹਿ ਰਹੇ ਹਨ—ਜੇ ਭਗਤ ਸਿੰਘ ਅੱਜ ਜੀਊਂਦਾ ਹੁੰਦਾ ਤਾਂ 'ਬੁੱਤ ਜਾਗ ਪਿਆ' ਨਾਟਕ ਭਾਅ ਜੀ ਨੇ ਲਿਖ ਕੇ ਸਾਡੇ ਸਪੁਰਦ ਕਰ ਦਿੱਤਾ ਹੈ, ਮੇਰੇ ਹਿੱਸੇ ਭਗਤ ਸਿੰਘ ਦਾ ਕਿਰਦਾਰ ਆਇਆ ਹੈ। ਅਸੀਂ ਨਾਟਕ ਤਿਆਰ ਕਰ ਲਿਆ ਹੈ, ਪਰ ਸਾਨੂੰ ਵੀ ਨਹੀਂ ਪਤਾ ਕਿ ਅੱਧਾ ਨਾਟਕ ਤਾਂ ਭਾਅ ਜੀ ਨੇ ਕਾਗ਼ਜ਼ਾਂ 'ਤੇ ਉਤਾਰਿਆ ਹੀ ਨਹੀਂ। ਆਪਣੀ ਹਿੱਕ ਅੰਦਰ ਸਾਂਭ ਰੱਖਿਆ ਹੈ...ਤੇ ਕੁਝ ਹੀ ਦਿਨਾਂ ਬਾਅਦ ਸ਼ਹੀਦ ਭਗਤ ਸਿੰਘ ਦੇ ਬੁੱਤ ਤੋਂ ਅੱਧੇ ਕੁ ਮੀਲ ਦੇ ਫ਼ਾਸਲੇ 'ਤੇ ਕਾਹਮਾ ਪਿੰਡ ਵਿਚ ਜਦ ਇਸ ਨਾਟਕ ਦੀ ਅਨਾਊਂਸਮੈਂਟ ਹੋਈ ਤਾਂ ਭਾਅ ਜੀ ਨੇ ਆਪਣੀ ਹਿੱਕ ਦਾ ਬਟਨ ਖੋਲ੍ਹ ਦਿੱਤਾ। ਲਗਾਤਾਰ ਪੰਦਰਾਂ-ਵੀਹ ਮਿੰਟ ਭਾਅ ਜੀ ਬੋਲੀ ਜਾ ਰਹੇ ਹਨ। ਅਸੀਂ ਮੰਚ ਦੇ ਪਿੱਛੇ ਐਂਟਰੀ ਲੈਣ ਲਈ ਉਤਾਵਲੇ ਹੋ ਰਹੇ ਹਾਂ, ਪਰ ਬਾਬਾ ਗਰਜ ਰਿਹਾ ਹੈ—"23 ਮਾਰਚ ਵਾਲੇ ਦਿਨ ਮੈਂ ਖਟਕੜ ਕਲਾਂ ਪਹੁੰਚਿਆ, ਸ਼ਹੀਦ ਦੇ ਅਸਲੀ ਵਾਰਿਸਾਂ ਨੂੰ ਇਜਾਜ਼ਤ ਨਹੀਂ ਕਿ ਬੁੱਤ ਦੇ ਕੋਲ ਜਾਣ...(ਭਾਅ ਜੀ ਦੀ ਆਵਾਜ਼ ਰੋਣਹਾਕੀ ਤੇ ਰੋਹ ਨਾਲ ਭਰੀ ਪਈ ਹੈ)...ਦਿੱਲੀ ਤੇ ਚੰਡੀਗੜ੍ਹ ਤੋਂ ਲੀਡਰਾਂ ਨੇ ਸ਼ਰਧਾਂਜਲੀ ਦਾ ਪਖੰਡ ਰਚਣ ਜੋ ਆਉਣਾ ਹੈ...ਹਾਲੇ ਉਹ ਪਾਖੰਡੀ ਪਹੁੰਚੇ ਨਹੀਂ...ਮੈਂ ਵੇਖ ਰਿਹਾਂ ਇਕ ਬੀਬੀ ਸਰਕਾਰੀ ਸਟੇਜ 'ਤੇ ਗਾਣਾ ਗਾ ਰਹੀ ਹੈ...ਪਿੱਛੇ-ਪਿੱਛੇ ਆਉਂਦਾ ਮੇਰੀ ਚਾਲ ਵਿੰਹਦਾ ਆਈਂ ਮੇਰਾ ਲੌਂਗ ਗੁਆਚਾ...ਮੇਰੇ ਲੋਗੋ, ਭਗਤ ਸਿੰਘ ਦੇ ਸ਼ਹੀਦੀ ਦਿਹਾੜੇ 'ਤੇ ਮੇਰੇ ਨੌਜਵਾਨਾਂ ਨੂੰ ਸੰਦੇਸ਼ ਇਹ ਦਿੱਤਾ ਜਾ ਰਿਹੈ ਕਿ ਬੀਬੀਆਂ ਦੇ ਲੌਂਗ ਗੁਆਚ ਜਾਣ 'ਤੇ ਤੁਸੀਂ ਪਿੱਛੇ-ਪਿੱਛੇ ਘੁੰਮਦੇ ਲੱਭੀ ਜਾਓ...ਕਦੀ ਇਹ ਨਾ ਸੋਚੋ ਕਿ ਤੁਹਾਡੇ ਹਿੱਸੇ ਦਾ ਰੁਜ਼ਗਾਰ ਕਿਥੇ ਗੁਆਚ ਗਿਆ, ਤੁਹਾਡੇ ਹਿੱਸੇ ਦੀ ਜ਼ਿੰਦਗੀ ਕਿਥੇ ਡਿੱਗੀ ਪਈ ਏ...। ਫੇਰ ਇਕ ਗਾਇਕ ਦੀ ਵਾਰੀ ਆਈ...(ਭਾਅ ਜੀ ਦਾ ਪਾਰਾ ਚੜ੍ਹ ਰਿਹਾ ਹੈ)...ਬੇਰੀਆਂ ਦੇ ਬੇਰ ਖਾਣੀਏ, ਸਾਨੂੰ ਗਿਟਕਾਂ ਗਿਣਨ 'ਤੇ ਰੱਖ ਲੈ...ਓਏ ਬੇਸ਼ਰਮੀ ਦੀ ਹੱਦ ਐ...(ਧਾਹ ਮਾਰਨ ਵਾਂਗ ਭਾਅ ਜੀ ਰੋ ਰਹੇ ਹਨ)...ਮੇਰੇ ਬੱਚਿਆਂ ਨੂੰ ਇਹ ਨਹੀਂ ਸੋਚਣ ਦੇਣਾ ਕਿ ਗਰੀਬ ਦਾ ਬੱਚਾ ਨਿੱਤ ਗਰੀਬ ਕਿਉਂ ਹੋ ਰਿਹੈ, ਘਾਹੀ ਦਾ ਪੁੱਤ ਘਾਹੀ ਹੀ ਕਿਉਂ ਰਹੇਗਾ, ਪੜ੍ਹਨ-ਲਿਖਣ ਦੀ ਉਮਰੇ ਮੇਰੇ ਬੱਚੇ ਦਿਹਾੜੀਆਂ ਕਰਨ ਲਈ ਕਿਉਂ ਮਜਬੂਰ ਨੇ...ਬਸ ਉਹ ਅੱਖਾਂ ਮੀਟ ਕੇ ਗਿਟਕਾਂ ਗਿਣੀ ਜਾਣ...ਅੱਜ ਭਗਤ ਸਿੰਘ ਬੁੱਤ ਨਾ ਹੁੰਦਾ, ਜੀਊਂਦਾ ਹੁੰਦਾ ਤਾਂ ਇਨ੍ਹਾਂ ਲੀਡਰਾਂ ਤੋਂ ਹਾਰ ਨਾ ਪਵਾਉਂਦਾ...ਬਲਕਿ ਵੱਟ ਕੇ ਥੱਪੜ ਮਾਰਦਾ ਤੇ ਧੋਣੋਂ ਫੜ ਪੁੱਛਦਾ ਕਿ ਕਮੀਨਿਓ...ਪਾਪੀਓ...ਮੇਰੇ ਹੀ ਆਦਰਸ਼ ਦੇ ਉਲਟ ਬੇਈਮਾਨੀਆਂ ਕਰਦੇ ਓ ਤੇ ਮੈਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਦਾ ਢੌਂਗ ਕਰ ਰਹੇ ਹੋ..."

ਭਾਅ ਜੀ ਦਾ ਨਾਟਕ, ਭਾਅ ਜੀ ਦਾ ਲੈਕਚਰ, ਭਾਅ ਜੀ ਦਾ ਦਰਦੇ-ਦਿਲ ਜਾਰੀ ਹੈ...ਦਰਸ਼ਕ-ਸਰੋਤੇ ਮੰਤਰ-ਮੁਗਧ ਹੋਈ ਬੈਠੇ ਹਨ। ਵਾਰ-ਵਾਰ ਇਨਕਲਾਬ ਜ਼ਿੰਦਾਬਾਦ

ਦੇ ਨਾਹਰੇ ਉੱਚੇ ਹੋ ਰਹੇ ਹਨ...ਮੈਂ ਸਾਥੀ ਕਲਾਕਾਰ ਦੇ ਹੁੱਝ ਮਾਰਦਾ ਹਾਂ...ਭਾ ਜੀ ਦੇ ਨਾਟਕ ਦਾ ਗ੍ਰਾਫ ਬਹੁਤ ਉੱਚਾ ਚੁੱਕ ਦਿੱਤਾ ਹੈ, ਆਪਾਂ ਨੂੰ ਜਾਨ ਲਾਉਣੀ ਪਊ ਉਸ ਨੂੰ ਬਰਕਰਾਰ ਰੱਖਣ ਲਈਂ ਅੱਖਾਂ ਹੀ ਅੱਖਾਂ 'ਚ ਅਹਿਦ ਹੋ ਗਿਆ, ਭਾਅ ਜੀ ਗੁਰਸ਼ਰਨ ਸਿੰਘ ਦੇ ਚੇਲਿਆਂ ਵੱਲੋਂ... ਚਿਹਰੇ ਮਘਣ ਲੱਗ ਪਏ, ਮੁੱਠੀਆਂ ਤਣ ਗਈਆਂ...ਸਟੇਜ ਤੋਂ ਭਾਅ ਜੀ ਦੀ ਲਲਕਾਰ ਗੂੰਜੀ, "ਤੇ ਆ ਰਿਹਾ ਹੈ ਸ਼ਹੀਦ ਭਗਤ ਸਿੰਘ..." ਮੈਂ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਮਾਰਦਾ ਸਟੇਜ 'ਤੇ ਚੜ੍ਹ ਰਿਹਾ ਹਾਂ...ਸੌ ਗੁਣਾ ਜੋਸ਼ ਨਾਲ ਨਾਅਰੇ ਦਾ ਜਵਾਬ ਆ ਰਿਹਾ ਹੈ—ਮੈਂ ਜੋਸ਼ ਨਾਲ ਕੰਬ ਉੱਠਦਾ ਹਾਂ...ਇਨਕਲਾਬ! ਪੰਡਾਲ ਅੰਬਰ ਗੂੰਜਣ ਲਾ ਦਿੰਦਾ ਹੈ—ਜ਼ਿੰਦਾਬਾਦ। ਮੈਂ ਬੁੱਤ ਬਣ ਮੁੱਕਾ ਲਹਿਰਾਂ ਅਹਿੱਲ ਹੋ ਗਿਆ ਹਾਂ, ਭਾਅ ਜੀ ਸਟੇਜ ਦੀ ਨੁੱਕਰ 'ਤੇ ਹੀ ਖੜ੍ਹੇ ਹਨ, ਮੇਰੇ ਵੱਲ ਦੇਖ ਮੁਸਕਰਾ ਰਹੇ ਹਨ, ਉਨ੍ਹਾਂ ਦੇ ਹੱਥ 'ਚ ਫੜਿਆ ਬੇਤਾਰ ਮਾਈਕ ਕੰਬ ਰਿਹਾ ਹੈ।

ਭਾਬੀ ਜੀ ਵੀ ਕਮਰੇ ਅੰਦਰ ਆ ਗਏ ਹਨ। ਕੁਰਸੀ ਲੈ ਕੇ ਬਹਿ ਗਏ ਹਨ। ਭਾਅ ਜੀ ਕੰਬਦੇ ਹੱਥ ਨਾਲ ਗੱਲਾਂ ਕਰੀ ਜਾ ਰਹੇ ਹਨ। ਭਾਬੀ ਇਕ ਫ਼ਿਕਰਮੰਦ ਬੀਵੀ ਵਾਂਗ ਭਾਅ ਜੀ ਦੀ ਸਿਹਤ ਦੀਆਂ ਗੱਲਾਂ ਕਰਦੇ ਹਨ, ਉਹ ਗੱਲਾਂ ਪੁੱਛਣ ਲਈ ਅਸੀਂ ਗਏ ਸੀ ਸ਼ਾਇਦ—"ਤੁਹਾਡੇ ਭਾਅ ਜੀ ਨੂੰ ਨਹੀਂ ਪਤਾ ਕਿ ਅਸੀਂ ਇਨ੍ਹਾਂ ਨੂੰ ਡਾਇਲਸਿਸ ਲਈ ਲੈ ਕੇ ਜਾਂਦੇ ਹਾਂ, ਬਸ ਆ ਕੇ ਕਹਿੰਦੇ ਨੇ ਮੈਂ ਇਸ ਤੋਂ ਬਾਅਦ ਚੰਗਾ-ਚੰਗਾ ਮਹਿਸੂਸ ਕਰਦਾਂ...ਇਨ੍ਹਾਂ ਦਾ ਦਿਲ ਤੁਹਾਡੇ ਸਾਰਿਆਂ 'ਚ ਧੜਕਦਾ ਰਹਿੰਦਾ ਐ...ਕੀ ਹੋ ਰਿਹੈ, ਕਿਵੇਂ ਹੋ ਰਿਹੈ...।" ਭਾਅ ਜੀ ਭਾਬੀ ਨੂੰ ਬਹੁਤਾ ਨਹੀਂ ਬੋਲਣ ਦਿੰਦੇ, ਆਪਣੇ ਕਿੱਸੇ ਫਿਰ ਛੋਹ ਲੈਂਦੇ ਹਨ। ਭਾਬੀ ਵਿਚ-ਵਿਚ ਵਾਰੀ ਲੈਂਦੀ ਹੈ, ਪਰ ਸਿਰਫ਼ ਇਕ ਸਹਾਇਕ ਅਦਾਕਾਰ ਵਾਂਗ...ਭਾਅ ਜੀ ਕਿਉਂ ਦੇਣ ਤਾਂ ਨਾ...।

ਸਾਊਥਹਾਲ, ਇੰਗਲੈਂਡ...ਹਰਸੇਵ ਬੈਂਸ ਦਾ ਘਰ...ਕੈਨੇਡਾ, ਅਮਰੀਕਾ, ਇੰਗਲੈਂਡ ਦਾ ਸੌ ਦਿਨਾ ਦੌਰਾ ਆਖ਼ਰੀ ਪੜਾਅ 'ਤੇ ਹੈ...ਅਸੀਂ ਸਾਰੇ ਆਪੋ ਆਪਣੇ ਸੂਟਕੇਸ ਪੈਕ ਕਰ ਰਹੇ ਹਾਂ...ਅਚਾਨਕ ਭਾਅ ਜੀ ਦੇ ਜ਼ੋਰ-ਜ਼ੋਰ ਨਾਲ ਬੋਲਣ ਦੀ ਆਵਾਜ਼ ਆਉਂਦੀ ਹੈ। ਭਾਅ ਜੀ ਦੇ ਸਾਹਮਣੇ ਕਿੰਨੇ ਸਾਰੇ ਕਿਤਾਬਾਂ ਦੇ ਖਰੜੇ ਪਏ ਤੇ ਭਾਬੀ ਦੇ ਹੱਥਾਂ 'ਚ ਸੂਟ। ਭਾਅ ਜੀ ਗੁੱਸੇ ਤੇ ਭਾਵੁਕਤਾ ਨਾਲ ਬੋਲਦੇ-ਬੋਲਦੇ ਸੋਫ਼ੇ ਦੇ ਕੋਨੇ ਤਕ ਆ ਖਿਸਕੇ ਹਨ—"ਇਹ ਖਰੜੇ ਮੇਰੇ ਲਈ ਜ਼ਿੰਦਗੀ ਮੌਤ ਦਾ ਸਵਾਲ ਨੇ...ਜ਼ਿੰਦਗੀ ਮੌਤ!...ਪਹਿਲਾਂ ਇਹ ਪੈਕ ਹੋਣਗੇ, ਫਿਰ ਜਗ੍ਹਾ ਬਚੀ ਤਾਂ ਰੱਖਣਾ ਆਪਣੇ ਸੂਟ... ਗੁਰਸ਼ਰਨ ਸਿੰਘ ਦੀ ਜ਼ਿੰਦਗੀ ਦਾ ਮਕਸਦ ਨਹੀਂ ਪਤਾ ਤੁਹਾਨੂੰ...।" ਭਾਬੀ ਚੁੱਪ ਹੋ ਗਈ ਹੈ, ਭਾਅ ਜੀ ਲਗਾਤਾਰ ਬੋਲ ਰਹੇ ਹਨ—ਕਿਤਾਬਾਂ, ਸਾਹਿਤ, ਨਾਟਕ, ਲੋਕ, ਰਾਜਨੀਤੀ...ਉੱਚੀ-ਉੱਚੀ...ਅਸੀਂ ਡਰ ਗਏ ਹਾਂ ਕਿ ਭਾਅ ਜੀ ਨੂੰ ਕੁਝ ਹੋ ਨਾ ਜਾਵੇ। ਮੇਜ਼ਬਾਨ ਬਹੁਤੇ ਘਬਰਾ ਗਏ ਹਨ...ਹੌਲੀ-ਹੌਲੀ ਸਭ ਸ਼ਾਂਤ ਹੋ ਜਾਂਦਾ ਹੈ...ਭਾਅ ਜੀ ਦੇ ਮਿਸ਼ਨ ਦੀ ਲਾਈਨ ਬੜੀ ਸਿੱਧੀ ਤੇ ਸਪੱਸ਼ਟ ਹੈ, ਉਹਦੇ 'ਚ ਵਿਘਨ ਨਹੀਂ ਪਾ

ਸਕਦਾ ਕੋਈ ਵੀ...ਭਾਅ ਜੀ ਆਪਣੇ ਕੰਮ ਅਤੇ ਉਸ ਦੀ ਰੂਪਰੇਖਾ ਪ੍ਰਤੀ ਬਹੁਤ ਸਪੱਸ਼ਟ ਹਨ, ਕੋਈ ਗੁੰਝਲ ਨਹੀਂ।

ਮੇਰਾ ਧਿਆਨ ਇਸ ਕਮਰੇ ਦੇ ਪਿਛਲੇ ਪਾਸੇ ਬਣੇ ਕਮਰੇ ਵੱਲ ਜਾਂਦਾ ਹੈ...ਕਿਤਾਬਾਂ ਨਾਲ ਭਰਿਆ ਕਮਰਾ...ਇਕ ਰੁਪਏ ਕੀਮਤ ਵਾਲੀ 'ਚਨੁੰਕਰੀਆਂ ਸੀਖਾਂ' ਵੀ ਏਥੇ ਪਈ ਹੈ। ਵੀਹ ਰੁਪਏ 'ਚ ਵੇਚੀ ਜਾਣ ਵਾਲੀ 'ਅਸੀਂ ਲੜਾਂਗੇ ਸਾਥੀ' ਵੀ...ਇਸ ਕਮਰੇ ਅੰਦਰ ਵੜਦੇ ਸਾਂ ਅਸੀਂ ਸਵੇਰੇ-ਸਵੇਰੇ...ਪ੍ਰੋਗਰਾਮ 'ਤੇ ਜਾਣ ਤੋਂ ਪਹਿਲਾਂ...ਬੈਗ ਕਿਤਾਬਾਂ ਨਾਲ ਭਰ ਲੈਂਦੇ...ਭਾਅ ਜੀ ਹਦਾਇਤਾਂ ਦਿੰਦੇ, ਕਿਹੜੀ ਕਿਤਾਬ ਕਿੰਨੀ ਰੱਖਣੀ ਹੈ ਤੇ ਕਿਵੇਂ ਵੇਚਣੀ ਹੈ...ਗੁਰਬਚਨ ਦਾ 'ਸਾਹਿਤਨਾਮਾ' ਵੀ ਭਾਅ ਜੀ ਪਿੰਡਾਂ ਦੇ ਦਰਸ਼ਕਾਂ ਨੂੰ ਵੇਚ ਆਉਂਦੇ। ਅੰਮ੍ਰਿਤਾ ਪ੍ਰੀਤਮ ਦਾ 'ਪਿੰਜਰ' ਵੀ...ਇੰਗਲੈਂਡ ਵਾਲੇ ਧੀਰ ਦਾ ਨਾਵਲ 'ਇਹ ਲੋਕ' ਕੋਈ ਖਰੀਦੇ ਨਾ...(ਭਾਅ ਜੀ ਨਾਲ ਲੜ ਕੇ ਜਿਸ ਦਾ ਖਰੜਾ ਲੈ ਕੇ ਆਏ ਸੀ)...ਭਾਅ ਜੀ ਖਿਝ ਜਾਂਦੇ—"ਨਹੀਂ ਨਾ ਲਿਖਿਆ ਗਿਆ ਉਸ ਤੋਂ ਚੱਜ ਨਾਲ ਇਹ ਨਾਵਲ....ਏਹ ਪਤਾ ਨੀ ਕਿਉਂ ਐਨਾ ਖਿਲਾਰਾ ਪਾਇਆ ਏ।" ਧਰ ਲਿਆ ਧੀਰ ਨੂੰ...ਗੱਡੀ ਰੋਪੜ ਟੱਪ ਗਈ, ਪਰ ਇਸ ਨਾਵਲ ਵਾਲੀ ਰੀਲ੍ਹ ਨਾ ਮੁੱਕੇ...ਭਾ ਜੀ ਇਵੇਂ ਹੀ ਕਰਦੇ ਨੇ, ਕਿਸੇ ਸਾਹਿਤਕਾਰ ਦੇ ਮਗਰ ਪੈ ਜਾਣ, ਫੇਰ ਦਬੱਲੀ ਰੱਖਦੇ ਨੇ। ਇਕ ਦਿਨ ਕਹਿੰਦੇ—"ਸਾਹਬ ਅੱਜ ਕਿਤਾਬਾਂ ਦਾ ਬੈਗ 'ਇਹ ਲੋਕ' ਨਾਵਲ ਨਾਲ ਭਰ ਲੈ, ਹੋਰ ਕੋਈ ਕਿਤਾਬ ਨਹੀਂ ਲਿਜਾਣੀ...ਕਮਰੇ ਦੀ ਅੱਧੀ ਨੁੱਕਰ ਮੱਲੀ ਰੱਖੀ ਸੂ।" ਮੈਂ ਸੱਠ-ਸੱਤਰ ਕਾਪੀਆਂ ਬੈਗ 'ਚ ਤੂਸ ਲਈਆਂ ਤੇ ਪੰਝੀ ਕੁ ਕਾਪੀਆਂ ਗੱਡੀ 'ਚ ਉਂਝ ਈ ਧਰ ਲਈਆਂ।

ਪ੍ਰੋਗਰਾਮ ਮੁੱਕਿਆ ਤਾਂ ਭਾਅ ਜੀ ਹੱਥ 'ਚ ਨਾਵਲ ਫੜੀ ਸਟੇਜ 'ਤੇ ਆਏ—"ਮੇਰੇ ਲੋਗੋ ਜੇ ਸਿਆਣੇ ਬਣਨਾ ਏਂ...ਆਲੇ ਦੁਆਲੇ ਕੀ ਵਾਪਰ ਰਿਹੈ ਤੇ ਕਿਉਂ ਵਾਪਰ ਰਿਹੈ...ਉਹਨੂੰ ਸਮਝਣਾ ਏ ਤਾਂ ਸਾਹਿਤ ਨਾਲ ਜੁੜੋ...ਕਹਾਣੀ ਪੜ੍ਹੋ, ਨਾਵਲ, ਕਵਿਤਾ, ਨਾਟਕ, ਜੀਵਨੀਆਂ, ਲੇਖ...ਆਪਣੇ ਬੱਚਿਆਂ ਨੂੰ ਵੀ ਪੜ੍ਹਾਓ।" ਲੋਕ ਬੜੇ ਗ਼ੌਰ ਨਾਲ ਭਾਅ ਜੀ ਨੂੰ ਸੁਣ ਰਹੇ ਹਨ। ਭਾਅ ਜੀ ਦੀ ਆਵਾਜ਼ ਹੋਰ ਬੁਲੰਦ ਹੋ ਜਾਂਦੀ ਹੈ—"ਅੱਜ ਮੈਂ ਇਹ ਨਾਵਲ ਲੈ ਕੇ ਆਇਆਂ...ਪੰਜਾਬ ਦੇ ਹਾਲਾਤ ਨੂੰ ਸਮਝਣ ਲਈ ਜ਼ਰੂਰੀ ਐ ਇਹ ਨਾਵਲ ਪੜ੍ਹਨਾ...ਇਹ ਨਾਵਲ ਮੈਂ ਆਪ ਕਹਿ ਕੇ ਲਿਖਵਾਇਆ ਏ...(ਇਹੋ ਜਿਹੇ ਕਰਾਮਾਤੀ ਗਪੌਜ ਛੱਡਣ ਵਿਚ ਭਾਅ ਜੀ ਮਾਹਰ ਹਨ)...ਅੱਜ ਇਹਦੀ ਕੀਮਤ ਰੱਖੀ ਏ ਸਿਰਫ਼ ਦਸ ਰੁਪਏ...ਹਰ ਇਕ ਭੈਣ ਭਰਾ ਇਕ-ਇਕ ਕਾਪੀ ਲੈ ਕੇ ਜਾਉ।" ਅਸੀਂ ਕਿਤਾਬਾਂ ਸਟੇਜ ਦੀ ਨੁੱਕਰੇ ਰੱਖ ਦਿੱਤੀਆਂ ਹਨ। ਪੰਜ ਮਿੰਟਾਂ 'ਚ ਸਾਰੀਆਂ ਕਾਪੀਆਂ ਖ਼ਤਮ...ਮੈਂ ਪਛਤਾ ਰਿਹਾਂ, ਹੋਰ ਕਾਪੀਆਂ ਕਿਉਂ ਨਾ ਰੱਖੀਆਂ ਤੇ ਇਕ ਪਾਸੇ ਪ੍ਰਬੰਧਕਾਂ 'ਚ ਘਿਰੇ ਅਗਲੇ ਪ੍ਰੋਗਰਾਮ ਫਿਕਸ ਕਰ ਰਹੇ ਭਾਅ ਜੀ ਵੱਲ ਦੇਖ ਰਿਹਾਂ ਤੇ ਸੋਚ ਰਿਹਾਂ—ਇਹ ਨਾਵਲ ਪੜ੍ਹ ਕੇ ਲੋਕ ਪੰਜਾਬ ਨੂੰ ਸਮਝ ਸਕਣ ਜਾਂ ਨਾ, ਪਰ ਇਕ ਵੱਡੇ ਕਾਰਜ ਲਈ ਸੰਘਰਸ਼ਸ਼ੀਲ ਇਸ ਅਨੋਖੇ ਇਨਸਾਨ ਨੂੰ ਸਮਝਣਾ

ਸੌਖਾ ਕਾਰਜ ਨਹੀਂ।

ਨਕਸਲਾਈਟ ਉਸ ਨੂੰ ਆਪਣਾ ਸਮਝਦੇ ਹਨ, ਜਦੋਂ ਕਿਤੇ ਉਸ ਨੂੰ ਸੀ.ਪੀ.ਆਈ. ਜਾਂ ਸੀ.ਪੀ.ਐੱਮ. ਦੀਆਂ ਸਟੇਜਾਂ 'ਤੇ ਨਾਟਕ ਖੇਡਦਾ ਦੇਖਦੇ ਤਾਂ ਖਿਝ ਜਾਂਦੇ...ਇਵੇਂ ਹੀ ਸੀ.ਪੀ.ਆਈ., ਸੀ.ਪੀ.ਐੱਮ. ਨੂੰ ਤਕਲੀਫ਼ ਹੁੰਦੀ...ਹਰ ਕੋਈ ਸਮਝਦਾ ਇਹ ਬਾਬਾ ਤਾਂ ਸਾਡਾ ਹੈ, ਪਰ ਨਹੀਂ...ਇਹ ਬਾਬਾ ਤਾਂ 'ਲੋਗਾਂ' ਦਾ ਹੈ। ਉਹ ਲੋਗ, ਜਿਨ੍ਹਾਂ ਨੂੰ ਉਹ ਕਦੀ-ਕਦੀ ਕਮਅਕਲੇ ਤੇ ਅੱਧ-ਅਕਲੇ ਵੀ ਕਹਿ ਲੈਂਦਾ ਹੈ। ਉਹ ਲੋਗ ਜਿਨ੍ਹਾਂ ਲਈ ਉਹ 'ਕੱਠੇ ਰਾਹਾਂ 'ਤੇ ਤੁਰਿਆ ਫਿਰਦਾ ਹੈ...ਕੰਕਰ ਪੱਥਰਾਂ ਉੱਤੇ ਹਨੇਰੀਆਂ ਰਾਤਾਂ 'ਚ ਆਪਣੇ ਪੱਬ ਧਰਦਾ ਹੈ...ਉਹ ਲੋਗ ਜਿਨ੍ਹਾਂ ਦੇ ਵਿਹੜਿਆਂ 'ਚ ਉਹ ਸੂਰਜ ਮਘਦਾ ਦੇਖਣਾ ਚਾਹੁੰਦਾ ਹੈ...ਇਹ ਬਾਬਾਂ ਕਿਸੇ ਇਕ ਪਾਰਟੀ ਜਾਂ ਸੋਚ ਦਾ ਨਹੀਂ। ਕਈ ਵਾਰ ਸਾਰੀਆਂ ਕਮਿਊਨਿਸਟ ਪਾਰਟੀਆਂ ਦੇ ਆਗੂਆਂ ਨੂੰ ਸਿਰ ਜੋੜ ਬੈਠਣ ਲਈ ਮਨਾ ਚੁੱਕਾ ਹੈ। ਸਿਰ ਜੁੜੇ, ਪਰ ਵਖਰੇਵੇਂ ਨਾ ਘਟੇ। ਇਸ ਤੋਂ ਅੱਕੇ ਭਾਅ ਜੀ ਗੁਰਸ਼ਰਨ ਸਿੰਘ ਇਕ ਵਾ ਹੂੰਝਾ ਫੇਰ ਟਿੱਪਣੀ ਦੇ ਦਿੰਦੇ ਹਨ—"ਇਹ ਕਾਮਰੇਡ ਸਾਰੀਆਂ ਸਿਆਸੀ ਪਾਰਟੀਆਂ 'ਚੋਂ ਸਭ ਤੋਂ ਸਿਆਣੇ, ਸਭ ਤੋਂ ਲੋਕਪੱਖੀ, ਸਭ ਤੋਂ ਜ਼ਿਆਦਾ ਪੜ੍ਹੇ-ਲਿਖੇ, ਪਰ ਸਭ ਤੋਂ ਵੱਧ ਜ਼ਿੱਦੀ...ਜ਼ਿੱਦੀ...ਜ਼ਿੱਦੀ...!!!" ਗੁੱਸੇ 'ਚ ਆਏ ਉਹ ਆਖ਼ਰੀ ਲਫ਼ਜ਼ ਨੂੰ ਵਾਰ-ਵਾਰ ਦੁਹਰਾਉਂਦੇ ਹਨ ਤੇ ਜ਼ਿੱਦੀ ਦੇ 'ਦ' ਨਾਲ ਲੱਗੀ ਬਿਹਾਰੀ ( ੀ ) ਨੂੰ ਪਤਾ ਨਹੀਂ ਕਿੰਨੀ ਲੰਬੀ ਕਰ ਦੇਂਦੇ ਹਨ।

ਭਾਅ ਜੀ ਦੀ ਪੱਗ ਦਾ ਲੜ ਹੁਣ ਅੱਖ ਦੇ ਉੱਪਰ ਆ ਗਿਆ ਹੈ।. ਮੈਂ ਕੁਰਸੀ ਤੋਂ ਉੱਠ ਸਿਰ ਕੋਲ ਜਾਂਦਾ ਹਾਂ...ਧੀਮੇ ਸੁਰ 'ਚ ਪੁੱਛਦਾ ਹਾਂ—"ਭਾਅ ਜੀ ਪੱਗ ਠੀਕ ਕਰ ਦਿਆਂ, ਲੜ ਤੁਹਾਨੂੰ ਤੰਗ ਕਰ ਰਿਹੈ।" ਭਾਅ ਜੀ ਬੜੇ ਪਿਆਰ ਨਾਲ ਆਪਣੇ ਵਿਸ਼ੇਸ਼ ਅੰਦਾਜ਼ ਵਿਚ ਇਜਾਜ਼ਤ ਦਿੰਦੇ ਹਨ—'ਅ...ਅ...ਅ...ਅ...ਅ...' ਮੈਂ ਭਾਅ ਜੀ ਦੀਆਂ ਅੱਖਾਂ ਵਿਚ ਦੇਖਦਾ ਹਾਂ। ਮੇਰਾ ਗੱਚ ਭਰ ਆਉਂਦਾ ਹੈ। ਮੈਂ ਪੱਗ ਠੀਕ ਕਰ ਰਿਹਾ, ਭਾਅ ਜੀ ਨੀਝ ਲਾ ਕੇ ਮੇਰੇ ਚਿਹਰੇ ਵੱਲ ਵੇਖ ਰਹੇ ਹਨ। ਸ਼ਾਇਦ ਕੁਝ ਪੜ੍ਹ ਰਹੇ ਹੋਣ...ਮੈਂ ਵਾਪਸ ਕੁਰਸੀ 'ਤੇ ਆ ਬੈਠਦਾ ਹਾਂ...ਭਾਬੀ ਦੱਸ ਰਹੀ ਹੈ—"ਬੜਾ ਸ਼ੌਕ ਐ ਇਨ੍ਹਾਂ ਨੂੰ ਪੱਗ ਬੰਨ੍ਹਣ ਦਾ, ਅੱਜ ਵੀ ਆਪ ਬੰਨ੍ਹੀ ਸੂ।" ਭਾਅ ਜੀ ਗੱਲਾਂ ਦੀ ਲੜੀ ਫੇਰ ਜੋੜ ਲੈਂਦੇ ਹਨ। ਕਦੀ ਪਾਸ਼ ਦੀਆਂ ਗੱਲਾਂ, ਕਦੀ ਜੈਮਲ ਪੱਡਾ, ਕਦੀ ਗਿਆਨ ਸਿੰਘ ਸੰਘਾ, ਕਦੀ ਦੀਪਕ, ਕਦੀ ਬਲਦੇਵ ਮਾਨ, ਕਦੇ ਪ੍ਰਿਥੀਪਾਲ, ਕਦੀ ਸੰਤ ਰਾਮ ਉਦਾਸੀ, ਕਦੀ ਦੇਸ਼ ਭਗਤ ਯਾਦਗਾਰ ਹਾਲ ਦਾ ਜ਼ਿਕਰ ਕਰ ਰਹੇ ਹਨ, ਪਲਸ ਮੰਚ ਦਾ, ਨਾਟਕ ਮੇਲਿਆਂ ਦਾ, ਥੀਏਟਰ ਵਿਭਾਗਾਂ ਦਾ...ਭਾਅ ਜੀ ਦੀਆਂ ਉਂਗਲਾਂ ਦੇ ਪੋਟਿਆਂ 'ਤੇ ਹੈ ਸਭ ਕੁਝ, ਉਹ ਕੁਝ ਵੀ ਨਹੀਂ ਭੁੱਲੇ...ਤੇ ਨਾ ਹੀ ਭੁੱਲੇ ਲੋਗਾਂ ਨੂੰ ਸਿਆਣੇ ਬਣਾਉਣ ਦਾ ਫ਼ਿਕਰ...ਅਸੀਂ ਆਗਿਆ ਲੈਂਦੇ ਹਾਂ, ਭਾਅ ਜੀ ਦਾ ਅਸ਼ੀਰਵਾਦ ਪ੍ਰਾਪਤ ਕਰਦੇ ਹਾਂ ਤੇ ਬਾਹਰ ਆ ਜਾਂਦੇ ਹਾਂ, ਜੋਸ਼ ਨਾਲ ਭਰੇ ਹੋਏ, ਉਤਸ਼ਾਹ ਨਾਲ ਓਤਪੋਤ।